# ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

deose.bathinda@punjabeducation.gov.in

ਸੇਵਾ ਵਿਖੇ

ਸਮੂਹ ਸਕੂਲ ਮੁਖੀ
ਸਸਸਸ/ਸਹਸ/ਸਮਿਸ/ਏਡਿਡ/ਪ੍ਰਾਈਵੇਟ
ਜਿਲ੍ਹਾ ਬਠਿੰਡਾ

ਪੱਤਰ ਨੰ: ਜੀ-1/2024/ 10121          ਮਿਤੀ ਬਠਿੰਡਾ : 23.08.2024

ਵਿਸ਼ਾ : ਪੰਜਾਬ ਰਾਜ ਵਿੱਚ ਸਮੂਹ ਸਰਕਾਰੀ ਅਰਧ ਸਰਕਾਰੀ ਦਫ਼ਤਰਾਂ/ਵਿਭਾਗਾਂ/ਅਦਾਰਿਆ /ਸੰਸਥਾਵਾਂ/ਵਿਦਿਅਕ ਅਦਾਰਿਆਂ/ਪੋਰਡਾਂ/ਨਿਗਮਾਂ ਅਤੇ ਗੈਰ ਸਰਕਾਰੀ ਸੰਸਥਾਵਾਂ/ਪਸਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ/ਨਾਮ ਪੌਟੀਆਂ/ਮੀਲ ਪੱਧਰ/ਸਾਈਨ ਬੋਰਡ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਵਿੱਚ ਲਿਖੇ ਜਾਣ ਸੰਬੰਧੀ।

ਹਵਾਲਾ : ਦਫ:ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ: ਨੰ. ਪੰ.ਪ੍ਰਚਾ (ਸਰਕੂਲਰ)-2024/10524-10545, ਪਟਿਆਲਾ 06/08/2024 ।

ਉਪਰੋਕਤ ਵਿਸਾ ਹਵਾਲਾ ਅੰਕਿਤ ਦੇ ਸਬੰਧ ਵਿਚ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਰਾਹੀਂ ਆਪ ਨੂੰ ਗੂਗਲ ਫਾਰਮ ਦਾ ਲਿੰਕ ਭੇਜ ਰਹੇ ਹਾਂ ਜਿਸ ਸਬੰਧੀ ਸੂਚਨਾ ਮਿਤੀ : 24/08/24 ਤੱਕ ਭਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਸੂਚਨਾ ਭਾਸ਼ਾ ਵਿਭਾਗ ਦਫਤਰ ਬਠਿੰਡਾ ਨੂੰ ਭੇਜੀ ਜਾ ਸਕੇ । ਮੰਗੀ ਗਈ ਸੂਚਨਾ ਗੂਗਲ ਫਾਰਮ ਰਾਹੀਂ ਭਰੀ ਜਾਵੇ , ਗੂਗਲ ਫਾਰਮ ਦਾ ਲਿੰਕ ਵੱਟਸਐਪ ਗਰੁੱਪ ਵਿਚ ਭੇਜਿਆ ਜਾਵੇਗਾ । ਇਸ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ ।

**ਗੂਗਲ ਲਿੰਕhttps://forms.gle/nWgoQCb3ui1UpzHN7**

23/8

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

2024|06589
23|8|2024

## ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਬਠਿੰਡਾ

ਕਮਰਾ ਨੰ. 225 ਈ-227 ਈ, ਪਹਿਲੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਠਿੰਡਾ-151001
ਈ-ਮੇਲ dlobti.pblanguages@gmail.com

ਸਮੂਹ ਵਿਭਾਗਾਂ ਦੇ ਜ਼ਿਲ੍ਹਾ ਮੁਖੀ,
ਬਠਿੰਡਾ।

ਪੱਤਰ ਨੰ.( ਪੰ.ਪ੍ਰਚਾ )-2024/ 402 ਮਿਤੀ, ਬਠਿੰਡਾ/ 22/08/24

ਵਿਸ਼ਾ : ਪੰਜਾਬ ਰਾਜ ਵਿੱਚ ਸਮੂਹ ਸਰਕਾਰੀ ਅਰਧ ਸਰਕਾਰੀ ਦਫ਼ਤਰਾਂ/ਵਿਭਾਗਾਂ/ਅਦਾਰਿਆਂ /ਸੰਸਥਾਵਾਂ/ਵਿਦਿਅਕ ਅਦਾਰਿਆਂ/ਬੋਰਡਾਂ/ਨਿਗਮਾਂ ਅਤੇ ਗੈਰ ਸਰਕਾਰੀ ਸੰਸਥਾਵਾਂ/ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ/ਨਾਮ ਪੱਟੀਆਂ/ਮੀਲ ਪੱਥਰ/ਸਾਈਨ ਬੋਰਡ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਵਿੱਚ ਲਿਖੇ ਜਾਣ ਸੰਬੰਧੀ।

ਹਵਾਲਾ : ਦਫ;ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ, ਪਟਿਆਲਾ; ਨੰ. ਪੰ.ਪ੍ਰਚਾ.(ਸਰਕੂਲਰ)-2024/10524-10545, ਪਟਿਆਲਾ। 06/08/2024

ਸਤਿਕਾਰਯੋਗ ਜੀਓ,

ਉਪਰੋਕਤ ਵਿਸ਼ੇ ਸੰਬੰਧੀ ਬੇਨਤੀ ਹੈ ਕਿ ਪੰਜਾਬ ਸਰਕਾਰ, ਰਾਜ ਭਾਸ਼ਾ ਐਕਟ-2023 (ਤਰਮੀਮ) ਅਤੇ ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ ਵੱਲੋਂ ਜਾਰੀ ਹੋਏ ਨਿਰਦੇਸ਼ਾਂ ਅਨੁਸਾਰ ਪੰਜਾਬ ਰਾਜ ਵਿੱਚ ਸਮੂਹ ਸਰਕਾਰੀ ਅਰਧ ਸਰਕਾਰੀ ਦਫ਼ਤਰਾਂ/ਵਿਭਾਗਾਂ/ਅਦਾਰਿਆਂ/ਸੰਸਥਾਵਾਂ/ਵਿਦਿਅਕ ਅਦਾਰਿਆਂ/ਬੋਰਡਾਂ/ਨਿਗਮਾਂ ਅਤੇ ਗੈਰ ਸਰਕਾਰੀ ਸੰਸਥਾਵਾਂ/ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਆਦਿ ਦੇ ਨਾਮ ਅਤੇ ਸੜਕਾਂ ਦੇ ਨਾਮ/ਨਾਮ ਪੱਟੀਆਂ/ਮੀਲ ਪੱਥਰ/ਸਾਈਨ ਬੋਰਡ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ) ਵਿੱਚ(ਪਹਿਲ ਦੇ ਆਧਾਰ 'ਤੇ ਕਿਸੇ ਹੋਰ ਭਾਸ਼ਾ ਨਾਲੋਂ ਵੱਡੇ ਆਕਾਰ ਵਿੱਚ) ਲਿਖੇ ਜਾਣਾ ਲਾਜ਼ਮੀ ਹੈ। ਸਨਿਮਰ ਬੇਨਤੀ ਹੈ ਕਿ ਆਪ ਦੇ ਦਫ਼ਤਰ ਅਤੇ ਅਧੀਨ ਆਉਂਦੇ ਜ਼ਿਲ੍ਹੇ ਦੇ ਸਾਰੇ ਦਫ਼ਤਰਾਂ ਦੇ ਨਾਮ ਬੋਰਡ,ਨਾਮ ਪੱਟੀਆਂ ਅਤੇ ਸਾਈਨ ਬੋਰਡ/ਸੂਚਨਾ ਬੋਰਡ ਆਦਿ ਪੰਜਾਬੀ ਭਾਸ਼ਾ (ਗੁਰਮੁਖੀ ਲਿੱਪੀ)ਵਿੱਚ ਲਿਖੇ ਹੋਣ ਬਾਬਤ ਰਿਪੋਰਟ ਹੇਠ ਲਿਖੇ ਅਨੁਸਾਰ ਭਰ ਕੇ ਇਸ ਦਫ਼ਤਰ ਦੀ ਈ-ਮੇਲ dlobti.pblanguages@gmail.com 'ਤੇ ਮਿਤੀ 27/08/2024 ਦਿਨ ਮੰਗਲਵਾਰ ਤੱਕ ਭੇਜਣ ਦੀ ਕਿਰਪਾਲਤਾ ਕਰਨੀ ਜੀ, ਤਾਂ ਕਿ ਸੂਚਨਾ ਸਰਕਾਰ ਨੂੰ ਭੇਜੀ ਜਾ ਸਕੇ।

| ਦਫ਼ਤਰ ਦਾ ਨਾਮ | ਦਫ਼ਤਰ ਦੇ ਮੁਖੀ ਦਾ ਨਾਮ ਅਤੇ ਫ਼ੋਨ ਨੰ: | ਈ.ਮੇਲ | ਕੀ ਆਪ ਦੇ ਦਫ਼ਤਰ ਨੇ ਸਾਰੇ ਨਾਮ ਬੋਰਡ/ ਸਾਈਨ ਬੋਰਡ/ਨਾਮ-ਪੱਟੀਆਂ ਪੰਜਾਬੀ ਭਾਸ਼ਾ ਵਿੱਚ ਕਰ ਲਈਆਂ ਹਨ? (ਹਾਂ ਜਾ ਨਹੀਂ) | ਜੇ ਨਹੀਂ ਤਾਂ ਕਾਰਨ ਸਪੱਸ਼ਟ ਕੀਤਾ ਜਾਵੇ ਜੀ। | ਕੀ ਆਪ ਦੇ ਅਧੀਨ ਆਉਂਦੇ ਜ਼ਿਲ੍ਹੇ ਦੇ ਸਾਰੇ ਦਫ਼ਤਰਾਂ ਨੇ ਆਪਣੇ ਨਾਮ ਬੋਰਡ/ਸਾਈਨ ਬੋਰਡ/ਨਾਮ-ਪੱਟੀਆਂ ਪੰਜਾਬੀ ਭਾਸ਼ਾ ਵਿੱਚ ਕਰ ਲਈਆਂ ਹਨ? (ਹਾਂ ਜਾ ਨਹੀਂ) | ਜੇ ਨਹੀਂ ਤਾਂ ਕਾਰਨ ਸਪੱਸ਼ਟ ਕੀਤਾ ਜਾਵੇ ਜੀ। | ਵਿਸ਼ੇਸ਼ ਕਥਨ |
|---|---|---|---|---|---|---|---|
| | | | | | | | |

**ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ ਜੀ।**

(ਕਿਰਪਾਲ ਸਿੰਘ)
ਜ਼ਿਲ੍ਹਾ ਭਾਸ਼ਾ ਅਫ਼ਸਰ
ਬਠਿੰਡਾ

C:\Users\iPC\Downloads\ਚਿੱਠੀ ਪੱਤਰ ਬਠਿੰਡਾ (1).docx

Scanned with CamScanner